ਘਟਨਾਕ੍ਰਮ 2024
ਰਾਸ਼ਟਰੀ ਸਫ਼ਾ (ii)
ਅਤੇ
ਅੰਤਰਰਾਸ਼ਟਰੀ ਸਫ਼ਾ (iii)
ਤੇ ਪੜ੍ਹੋ

ਅਜੀਤ ਮੈਗਜ਼ੀਨ
ਐਤਵਾਰ, 29 ਦਸੰਬਰ, 2024

ਪੁਰਾਣੀ ਤੋਂ ਪੁਰਾਣੀ ਸ਼ੂਗਰ, ਚਮੜੀ ਰੋਗ, ਐਲਰਜੀ, ਜੋੜਾਂ ਦੇ ਦਰਦ ਦਾ
* ਵੀਰਜ ਦੀ ਘਾਟ * ਮਰਦਾਨਾ ਕਮਜ਼ੋਰੀ * ਥਾਂਸਪਣ * ਧਾਤ ਦਾ ਸਫਲ ਇਲਾਜ
100% ਆਯੁਰਵੈਦਿਕ ਇਲਾਜ
Dr. Bassi's
Kalam Ayurvedic Clinic
Near Kisaan Pipe Store, Hoshiarpur Road, Garhshankar
M. 76961-10883, 70091-73209

ਕਿਸ ਤਰ੍ਹਾਂ ਦੇ ਪਤੀ ਤੇ ਪਿਤਾ ਸਨ ਡਾ. ਮਨਮੋਹਨ ਸਿੰਘ

ਡਾ. ਮਨਮੋਹਨ ਸਿੰਘ ਆਪਣੇ ਬਚਪਨ ਦੇ ਪਾਕਿਸਤਾਨੀ ਦੋਸਤ ਰਾਜਾ ਮੁਹੰਮਦ ਅਲੀ ਨਾਲ, ਜੋ ਭਾਰਤ ਵਿਚ ਉਨ੍ਹਾਂ ਨੂੰ ਮਿਲਣ ਆਏ ਸਨ।

1969 'ਚ ਜਦੋਂ ਅਸੀਂ ਮਾਡਲ ਟਾਊਨ ਆਏ, ਕਿੱਕੀ (ਉਪਿੰਦਰ ਸਿੰਘ) ਦਸ ਸਾਲਾਂ ਦੀ, ਮੈਂ ਛੇ ਸਾਲਾਂ ਦੀ ਅਤੇ ਅਮੂ (ਅੰਮ੍ਰਿਤਾ ਸਿੰਘ) ਛੇ ਮਹੀਨਿਆਂ ਦੀ ਸੀ। ਅਸੀਂ 70ਵਿਆਂ ਦੇ ਮਿਹਨਤੀ ਅਤੇ ਆਗਿਆਕਾਰੀ ਬੱਚੇ ਸਾਂ,

ਧੀਆਂ ਉਪਿੰਦਰ ਸਿੰਘ ਅਤੇ ਦਮਨ ਸਿੰਘ ਨਾਲ

ਸਾਨੂੰ ਪੜ੍ਹਨ ਲਈ ਵਾਰ-ਵਾਰ ਕਹਿਣਾ ਨਹੀਂ ਸੀ ਪੈਂਦਾ। ਗਲੀਆਂ ਸਾਡਾ ਖੇਡ ਦਾ ਮੈਦਾਨ ਸਨ, ਜੋ ਸਾਡੇ ਨਾਲ-ਨਾਲ ਲੰਘਦੀਆਂ ਕਾਰਾਂ ਅਤੇ ਗਾਵਾਂ ਸਭ ਦਾ ਸਾਂਝਾ ਸੀ।

ਮੇਰੇ ਮਾਪੇ ਕਈ ਸਾਲ ਤੁਗਲਕ ਰੋਡ ਤੋਂ ਲੈ ਕੇ ਬਾਪਾ ਨਗਰ, ਲੋਧੀ ਐਸਟੇਟ, ਕ੍ਰਿਸ਼ਨਾ ਮੈਨਨ ਮਾਰਗ, ਅਤੇ ਫਿਰ ਸਫ਼ਦਰਜੰਗ ਲੇਨ ਤੱਕ ਇਕ ਘਰ ਤੋਂ ਦੂਜੇ ਘਰ ਤੱਕ ਛਾਲਾਂ ਮਾਰਦੇ ਰਹੇ ਅਤੇ ਅੰਤ ਰੇਸ ਕੋਰਸ ਰੋਡ ਪਹੁੰਚ ਗਏ। ਇਹ ਉਹ ਜਗ੍ਹਾ ਸੀ ਜਿੱਥੇ ਉਹ ਸਭ ਤੋਂ ਜ਼ਿਆਦਾ ਲੰਮਾ ਸਮਾਂ ਰਹੇ। ਸਰਕਾਰੀ ਨੌਕਰੀ ਕਰਦਿਆਂ ਮੇਰੇ ਡੈਡੀ ਨੇ ਪੂਰੀ ਖੁੱਲ੍ਹ ਨਾਲ ਆਪਣੇ ਵਿਚਾਰ ਜ਼ਾਹਿਰ ਕੀਤੇ ਕਿ ਕੀ ਠੀਕ ਹੈ। ਇਹ ਕਹਿਣ ਦੀ ਲੋੜ ਨਹੀਂ ਕਿ ਉਨ੍ਹਾਂ ਨੇ ਹਰ ਸਰਕਾਰੀ ਨਿਯਮ ਪੂਰੇ ਸਿਰਜ਼ ਨਾਲ ਮੰਨਿਆ। ਉਨ੍ਹਾਂ ਨੇ ਸਰਕਾਰੀ ਨਿਯਮਾਂ ਦੀ ਸੂਚੀ ਵਿਚ ਬਹੁਤ ਸਾਰੇ ਆਪਣੇ ਨਿਯਮ ਵੀ ਸਜਾ ਦਿੱਤੇ। ਇਹ ਅਸੂਲ ਸਨ, ਸੰਕੀਰਨਤਾ, ਭਾਈਭਤੀਜਾਵਾਦ ਅਤੇ ਪੱਖਪਾਤ ਤੋਂ ਪੂਰੀ ਤਰ੍ਹਾਂ ਦੂਰ ਰਹਿਣਾ। ਕਿਸੇ ਸਾਧਾਰਨ ਤੋਂ ਸਾਧਾਰਨ ਵਸੀਲੇ ਤੋਂ ਕੋਈ ਨਿੱਕਾ ਜਿਹਾ ਵੀ ਅਹਿਸਾਨ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਕਿਸੇ ਕੰਮ ਵਿਚ ਦਿਲਚਸਪੀ ਰੱਖਣ ਵਾਲੀਆਂ ਧਿਰਾਂ, ਥੋੜ੍ਹੀ ਬਹੁਤ ਜਾਣ-ਪਛਾਣ ਵਾਲਿਆਂ ਅਤੇ ਅਜਨਬੀਆਂ ਨਾਲ ਹਮਪਿਆਲਾ-ਹਮਨਿਵਾਲਾ ਹੋਣ ਤੋਂ ਗੁਰੇਜ਼ ਕਰਨਾ ਸਿਰਫ਼ ਉਨ੍ਹਾਂ ਲੋਕਾਂ ਦੀ ਆਓ ਭਗਤ ਕਰਨੀ ਜਿਨ੍ਹਾਂ ਨਾਲ ਜਾਣ-ਪਛਾਣ ਹੋਵੇ ਅਤੇ ਰੁਜ਼ਗਾਰ ਅਤੇ ਨਿੱਜੀ ਜ਼ਿੰਦਗੀ ਵਿਚਕਾਰਲੀ ਲਕੀਰ ਕਦੇ ਪਾਰ ਨਹੀਂ ਕਰਨੀ।

ਇਸ ਰਸਤੇ 'ਤੇ ਚਲਦਿਆਂ ਉਹ ਪਰਿਵਾਰਕ ਜ਼ਿੰਮੇਵਾਰੀਆਂ ਤੋਂ ਪਿੱਛੇ ਹਟਦੇ ਚਲੇ ਗਏ। ਉਨ੍ਹਾਂ ਦਾ ਕੰਮ ਉਨ੍ਹਾਂ ਦੀ ਜ਼ਿੰਦਗੀ 'ਤੇ ਹਾਵੀ ਹੁੰਦਾ ਗਿਆ। ਹਰ ਰੋਜ਼ ਉਨ੍ਹਾਂ ਦਾ ਦਫ਼ਤਰ ਕੱਪੜੇ ਦੀਆਂ ਵੱਡੀਆਂ ਗਠੜੀਆਂ ਵਿਚ ਬੰਨ੍ਹਿਆ ਹੋਇਆ, ਉਨ੍ਹਾਂ ਦੇ ਨਾਲ ਘਰ ਆਉਂਦਾ ਅਤੇ ਅਸੀਂ ਉਸ ਨੂੰ ਕਾਰ ਵਿਚੋਂ ਬਾਹਰ ਕੱਢਣ ਵਿਚ ਉਨ੍ਹਾਂ ਦੀ ਮਦਦ ਕਰਦੇ। ਡੈਡੀ ਦੇ ਘਰ ਹੋਣ ਵੇਲੇ ਪੱਬਾਂ ਭਾਰ ਤੁਰਨਾ ਅਸੀਂ ਬਹੁਤ ਛੋਟੀ ਉਮਰ ਵਿਚ ਸਿੱਖ ਲਿਆ। ਉਹ ਆਪਣੇ ਬਿਸਤਰੇ ਵਿਚ ਬੈਠ ਕੇ ਕੰਮ ਕਰਦੇ, ਚੌਂਕੜੀ ਮਾਰ ਕੇ ਉੱਪਰ ਇਕ ਸਰਾਹਣਾ ਰੱਖਦੇ ਅਤੇ ਫਾਈਲਾਂ ਦਾ ਢੇਰ ਉਨ੍ਹਾਂ ਦੇ ਕੋਲ ਪਿਆ ਹੁੰਦਾ। ਆਪਣੇ ਕਾਗਜ਼ਾਂ ਉੱਤੇ ਝੁਕੇ ਹੋਏ ਉਹ ਨਿੱਕੀਆਂ- ਨਿੱਕੀਆਂ ਸਾਫ਼-ਸੁਥਰੀਆਂ ਲਕੀਰਾਂ ਵਾਹੁੰਦੇ ਹੋਏ ਆਪਣੀ ਦਾੜ੍ਹੀ ਖੁਰਚਦੇ ਅਤੇ ਮੂੰਹ ਵਿਚ ਕੁਝ ਬੁੜਬੁੜਾਉਂਦੇ। ਜਦੋਂ ਉਹ ਕੰਮ ਨਾ ਕਰ ਰਹੇ ਹੁੰਦੇ ਉਦੋਂ ਜਾਂ ਤਾਂ ਕੋਈ ਕਿਤਾਬ ਪੜ੍ਹ ਰਹੇ ਹੁੰਦੇ ਜਾਂ ਆਪਣੇ ਖ਼ਿਆਲਾਂ ਵਿਚ ਗੁਆਚੇ। ਉਹ ਹੁਣ ਵੀ ਆਪਣੇ ਦੋਸਤਾਂ ਨਾਲ ਵਕਤ ਬਿਤਾਉਂਦੇ ਸਨ, ਪਰ ਪਹਿਲਾਂ ਜਿੰਨਾ ਨਹੀਂ। ਰਾਤ ਦੇ ਖਾਣੇ ਦਾ ਸੱਦਾ ਉਨ੍ਹਾਂ ਅਰਥ-ਸ਼ਾਸਤਰੀਆਂ ਲਈ ਰਾਖਵਾਂ ਹੁੰਦਾ ਜੋ ਜਾਂ ਤਾਂ ਸ਼ਹਿਰ ਆਏ ਹੁੰਦੇ ਜਾਂ ਸ਼ਹਿਰੋਂ ਜਾ ਰਹੇ ਹੁੰਦੇ। ਅਸੀਂ ਤਿੰਨੇ ਭੈਣਾਂ ਰਸੋਈ ਵਿਚ ਖਾਣਾ ਪਕਾਉਣ, ਪਰੋਸਣ ਅਤੇ ਨਿੱਕ-ਸੁੱਕ ਸਾਂਭਣ ਵਿਚ ਆਪਣੇ ਮਾਤਾ ਜੀ ਦੀ ਮਦਦ ਕਰਦੀਆਂ। ਸਾਡੇ ਡੈਡੀ ਆਮ ਤੌਰ 'ਤੇ ਸਾਨੂੰ ਮਹਿਮਾਨਾਂ ਨਾਲ ਮਿਲਾਉਣਾ ਭੁੱਲ ਜਾਂਦੇ ਅਤੇ ਨਾ ਹੀ ਉਹ ਸਾਡੇ ਵਿਚ ਕੋਈ ਦਿਲਚਸਪੀ ਦਿਖਾਉਂਦੇ। ਛੋਟੀ ਅਤੇ ਨਿਡਰ ਹੋਣ ਕਰਕੇ ਅਮੂ ਅਕਸਰ ਕੁਰਸੀ ਉੱਤੇ ਬਹਿ ਜਾਂਦੀ ਅਤੇ ਸੰਸਾਰ ਦੇ ਵੱਖ-ਵੱਖ ਹਿੱਸਿਆਂ ਦੀ ਆਰਥਿਕ ਹਾਲਤ ਦਾ ਗਿਆਨ ਪੂਰੇ ਵਿਸਤਾਰ ਨਾਲ ਪੀ ਲੈਂਦੀ। ਪਰ ਸਾਡਾ ਕੰਮ ਖ਼ਤਮ ਹੁੰਦੇ ਹੀ, ਕਿੱਕੀ ਅਤੇ ਮੈਂ ਗ਼ਾਇਬ ਹੋ ਜਾਂਦੇ।

ਡਾ. ਮਨਮੋਹਨ ਸਿੰਘ ਦੀ ਬੇਟੀ ਦਮਨ ਸਿੰਘ ਵਲੋਂ ਲਿਖੀ ਪੁਸਤਕ 'ਮਨਮੋਹਨ ਤੇ ਗੁਰਸ਼ਰਨ : ਇਕ ਅਣਕਹੀ ਦਾਸਤਾਨ' ਵਿਚੋਂ ਧੰਨਵਾਦ ਸਹਿਤ ਕੁਝ ਅੰਸ਼

ਮੇਰੇ ਡੈਡੀ ਕਿਉਂਕਿ ਅਕਸਰ ਬਹੁਤ ਸਫ਼ਰ ਕਰਦੇ ਸਨ। ਕਈ ਵਾਰ ਉਹ ਦਿੱਲੀ ਸਿਰਫ਼ ਅਗਲਾ ਜਹਾਜ਼ ਚੜ੍ਹਨ ਲਈ ਹੀ ਆਉਂਦੇ। ਉਨ੍ਹਾਂ ਵੱਲੋਂ ਕੋਈ ਚੀਜ਼ ਲੈ ਕੇ ਦੇਣ ਦਾ ਸਵਾਲ ਹੀ ਨਹੀਂ ਸੀ ਬਚਿਆ ਕਿਉਂਕਿ ਉਨ੍ਹਾਂ ਨੇ ਪਹਿਲਾਂ ਹੀ ਸਾਫ਼ ਕਹਿ ਦਿੱਤਾ ਸੀ ਕਿ ਉਨ੍ਹਾਂ ਕੋਲ ਇਸ ਲਈ ਵਕਤ ਨਹੀਂ ਹੈ। ਇਸ ਲਈ ਸਾਨੂੰ ਰੋਜ਼ਾਨਾ ਮਿਲਣ ਵਾਲੀ ਚਾਕਲੇਟ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ। ਕਈ ਵਾਰ ਉਹ ਆਪਣੀ ਮਹਿਲਾ ਸਹਾਇਕ ਨੂੰ ਆਪਣੀ ਪਤਨੀ ਅਤੇ ਤਿੰਨ ਲੜਕੀਆਂ ਲਈ ਰਾਤ ਨੂੰ ਪਾਉਣ ਵਾਲੇ ਕੱਪੜੇ ਲਿਆਉਣ ਲਈ ਕਹਿ ਦਿੰਦੇ। ਇਸੇ ਕਰਕੇ ਅਸੀਂ ਚਾਰੇ ਰਾਤ ਨੂੰ ਬਹੁਤ ਸੋਹਣੇ ਕੱਪੜੇ ਪਾ ਕੇ

ਮਨਮੋਹਨ ਸਿੰਘ ਦੀਆਂ ਬੇਟੀਆਂ—ਖੱਬੇ ਤੋਂ ਸੱਜੇ ਅੰਮ੍ਰਿਤ ਸਿੰਘ, ਦਮਨ ਸਿੰਘ ਤੇ ਉਪਿੰਦਰ ਸਿੰਘ

ਸੌਂਦੇ। ਸਾਡਾ ਘੁੰਮਣਾ-ਫਿਰਨਾ ਬਹੁਤ ਘੱਟ ਸੀ। ਅਸੀਂ ਸਕੂਲ ਦੀਆਂ ਛੁੱਟੀਆਂ ਵਿਚ ਜਾਂ ਕਿਸੇ ਦੇ ਵਿਆਹ ਵੇਲੇ ਇਕ-ਦੋ ਵਾਰ ਅੰਮ੍ਰਿਤਸਰ ਗਏ। ਇਸ ਤੋਂ ਇਲਾਵਾ ਅਸੀਂ ਦੇਸ਼ ਦੀ ਬਹੁਤ ਘੱਟ ਸੈਰ ਕੀਤੀ। 1974 ਵਿਚ ਅਸੀਂ ਪੰਜੇ ਜੀਅ ਛੁੱਟੀਆਂ ਮਨਾਉਣ ਗਏ। ਇਹ ਸੱਚਮੁੱਚ ਇਕ ਇਤਿਹਾਸਕ ਮੌਕਾ ਸੀ, ਜੋ ਦੁਬਾਰਾ ਕਦੇ ਵੀ ਨਹੀਂ ਆਇਆ। ਨੈਨੀਤਾਲ ਦੇ ਇਸ ਟੂਰ ਤੋਂ ਬਾਅਦ ਅਸੀਂ ਦਿੱਲੀ ਤੋਂ ਇਕ ਹੋਰ ਵਾਰ ਸ਼ਿਮਲੇ ਗਏ, ਉਦੋਂ ਡੈਡੀ ਨਾਲ ਨਹੀਂ ਸਨ।

ਕੁਝ ਪਲ ਅਜਿਹੇ ਵੀ ਹੁੰਦੇ ਸਨ ਜਦੋਂ ਉਹ ਆਪਣੇ ਕੰਮ ਨੂੰ ਪੂਰੀ ਤਰ੍ਹਾਂ ਪਾਸੇ ਰੱਖ ਕੇ ਸਾਨੂੰ ਬਾਹਰ ਲੈ ਕੇ ਜਾਂਦੇ। ਸਾਡੀ ਸਭ ਤੋਂ ਰੋਮਾਂਚਿਕ ਸੈਰ ਹੁੰਦੀ ਕਿਤਾਬਾਂ ਦੀਆਂ ਦੁਕਾਨਾਂ, ਕਸ਼ਮੀਰੀ ਗੇਟ ਵਾਲੀ ਰਾਮਾਕ੍ਰਿਸ਼ਨਾ ਐਂਡ ਸੰਨਜ਼ ਅਤੇ ਕਨਾਟ ਪਲੇਸ ਦੀ ਗਲਗੋਟੀਆ ਤੇ ਨਿਊ ਬੁੱਕ ਡਿੱਪੋ। ਖ਼ਾਨਿਆਂ ਵਿਚ ਪਈਆਂ ਲਲਚਾਉਂਦੀਆਂ ਕਿਤਾਬਾਂ ਵਿਚਾਲੇ ਅਸੀਂ ਖੁੱਲ੍ਹੇ ਘੁੰਮਦੇ, ਉਨ੍ਹਾਂ ਦੇ ਨਸ਼ੇ ਵਿਚ ਠੁੱਡੇ ਖਾਂਦੇ, ਆਪਣੀਆਂ ਖ਼ਰੀਦੀਆਂ ਹੋਈਆਂ ਕਿਤਾਬਾਂ ਨੂੰ ਘੁੱਟ ਕੇ ਫੜ ਲੈਂਦੇ। ਇਕ-ਦੋ ਮਹੀਨਿਆਂ ਬਾਅਦ ਅਸੀਂ ਪਹਿਲਾਂ ਤੋਂ ਮਿੱਥੀਆਂ ਹੋਈਆਂ ਥਾਵਾਂ ਜਿਵੇਂ ਕਿ ਦੱਖਣ ਭਾਰਤੀ ਖਾਣੇ ਲਈ ਕਮਲਾ ਨਗਰ ਦੀ ਕ੍ਰਿਸ਼ਨਾ ਸਵੀਟਸ, ਮੁਗ਼ਲਈ ਖਾਣੇ ਲਈ ਦਰਿਆਗੰਜ ਦੀ ਤੰਦੂਰ, ਚੀਨੀ ਪਕਵਾਨਾਂ ਲਈ ਮਲਚਾ ਮਾਰਗ ਅਤੇ ਚਾਟ ਖਾਣ ਲਈ ਬੰਗਾਲੀ ਮਾਰਕੀਟ ਜਾਂਦੇ। ਡੈਡੀ ਅਤੇ ਧੀਆਂ ਦੀਆਂ ਗੱਲਾਂ ਅਕਸਰ ਬਹੁਤ ਛੋਟੀਆਂ ਹੁੰਦੀਆਂ। ਉਨ੍ਹਾਂ ਵਿਚੋਂ ਜ਼ਿਆਦਾਤਰ ਗੱਲਾਂ ਦਫ਼ਤਰੀ ਅਤੇ ਨਿੱਜੀ ਕੰਮਾਂ ਵਿਚ ਫ਼ਰਕ ਸਮਝਾਉਣ ਲਈ ਹੁੰਦੀਆਂ। ਟੈਲੀਫ਼ੋਨ ਸਰਕਾਰੀ ਸੀ, ਇਸ ਲਈ ਸਾਨੂੰ ਸਿਰਫ਼ ਜ਼ਰੂਰੀ ਕੰਮ ਲਈ ਫ਼ੋਨ ਕਰਨ ਦੀ ਇਜਾਜ਼ਤ ਸੀ। ਇਸ ਕੰਮ ਲਈ ਲਾਈ ਇਕ ਖ਼ਾਸ ਸਾਫ਼ ਕਾਪੀ ਵਿਚ, ਸਾਡੇ ਮੰਮੀ ਮਹੀਨੇ ਵਿਚ ਕੀਤੀਆਂ ਜਾਂਦੀਆਂ ਲੰਮੀ ਦੂਰੀ ਦੀਆਂ ਦੋ ਜਾਂ ਤਿੰਨ ਕਾਲਾਂ ਨੋਟ ਕਰਦੇ। ਇਸ ਗੱਲ ਦਾ ਖਦਸ਼ਾ ਹੁੰਦਾ ਸੀ ਕਿ ਫ਼ੋਨ ਰਿਕਾਰਡ ਕੀਤਾ ਜਾ ਰਿਹਾ ਹੈ। ਸੋ, ਅਸੀਂ ਹਰ ਗੱਲ ਬਹੁਤ ਸੋਚ-ਸਮਝ ਕੇ ਕਰਦੇ। ਕਾਰ ਵੀ ਸਰਕਾਰੀ ਸੀ, ਜਿਸਦਾ ਮਤਲਬ ਸੀ ਕਿ ਉਹ ਸਾਨੂੰ ਉਸ ਕਾਰ ਵਿਚ ਕਿਤੇ ਨਹੀਂ ਛੱਡਣਗੇ, ਉਸ ਜਗ੍ਹਾ 'ਤੇ ਵੀ ਨਹੀਂ ਜਿਹੜੀ ਉਨ੍ਹਾਂ ਦੇ ਕੰਮ ਜਾਣ ਵਾਲੇ ਰਸਤੇ ਵਿਚ ਪੈਂਦੀ ਹੋਵੇ। ਸਰਕਾਰੀ ਸਟੇਸ਼ਨਰੀ ਤੋਂ ਲੈ ਕੇ ਸਰਕਾਰੀ ਰੁਤਬੇ ਸਾਡੀ ਪਹੁੰਚ ਤੋਂ ਬਾਹਰ ਸਨ। ਨਿੱਜੀ ਮਾਮਲਿਆਂ ਵਿਚ ਸਾਡੀ ਸੁਰੱਖਿਆ ਅਤੇ ਸਾਡੀ ਪੜ੍ਹਾਈ ਉਨ੍ਹਾਂ ਦੀ ਚਿੰਤਾ ਦਾ ਮੁੱਖ ਵਿਸ਼ਾ ਸਨ। ਸੁਰੱਖਿਆ ਲਈ ਉਹ ਦੋ ਗੱਲਾਂ ਹਮੇਸ਼ਾ ਯਾਦ ਕਰਵਾਉਂਦੇ: ਕਦੇ ਕਿਸੇ ਤੋਂ ਟੋਫ਼ੀਆਂ ਨਹੀਂ ਲੈਣੀਆਂ ਅਤੇ ਭਾਵੇਂ ਕੋਈ ਜਾਣਕਾਰ ਵੀ ਹੋਵੇ, ਉਸ ਤੋਂ ਲਿਫ਼ਟ ਨਹੀਂ ਲੈਣੀ। ਬਿਮਾਰੀ, ਭਾਵੇਂ ਕਿੰਨੀ ਵੀ ਛੋਟੀ ਹੋਵੇ, ਉਨ੍ਹਾਂ ਨੂੰ ਬਹੁਤ ਪ੍ਰੇਸ਼ਾਨ ਕਰ ਦਿੰਦੀ। ਹਲਕੀ ਜਿਹੀ ਖੰਘ ਜਾਂ ਇਕ ਨਿੱਛ ਉਨ੍ਹਾਂ ਨੂੰ ਬੇਚੈਨ ਕਰਨ ਲਈ ਕਾਫ਼ੀ ਹੁੰਦੀ।

ਰੋਜ਼ਾਨਾ ਜ਼ਿੰਦਗੀ ਦੀਆਂ ਨਿੱਕੀਆਂ-ਨਿੱਕੀਆਂ ਗੱਲਾਂ ਵਿਚ ਉਨ੍ਹਾਂ ਦੀ ਕੋਈ ਦਿਲਚਸਪੀ ਨਹੀਂ ਸੀ। ਉਨ੍ਹਾਂ ਤੋਂ ਉੱਪਰ ਉੱਠ ਕੇ ਉਹ ਸਿਰਫ਼ ਸਿਆਣਪ ਦੀਆਂ ਸਾਦੀਆਂ ਗੱਲਾਂ ਕਰਦੇ ਸਨ। ਜਦੋਂ ਕਦੇ ਭੈਣਾਂ ਦੀ ਆਪਸ ਵਿਚ ਲੜਾਈ ਹੋ ਜਾਂਦੀ ਤਾਂ ਸਾਨੂੰ 'ਜੈਂਟਲ ਬੈਨ' ਬਣਨ ਦੀ ਸਲਾਹ ਦਿੱਤੀ ਜਾਂਦੀ। ਅਸੀਂ ਨਿਊਯਾਰਕ ਵਿਚ ਟੈਲੀਵਿਜ਼ਨ 'ਤੇ ਆਉਣ ਵਾਲਾ ਇਕ ਲੜੀਵਾਰ ਦੇਖਦੇ ਹੁੰਦੇ ਸਾਂ ਜਿਸ ਵਿਚ ਇਕ ਦਿਆਲੂ ਭਾਲੂ ਦਾ ਨਾਂ ਬੈਨ ਸੀ। ਇਕ ਹੋਰ ਗੱਲ ਸਿਖਾਈ ਜਾਂਦੀ ਸੀ 'ਕੌੜੇ ਬੋਲ ਨਾ ਬੋਲੋ। ਜ਼ਿੰਦਗੀ ਦੀਆਂ ਤਲਖ਼ ਸੱਚਾਈਆਂ ਨੂੰ ਯਾਦ ਰੱਖਣ ਲਈ ਸਾਨੂੰ ਸਮਝਾਇਆ ਜਾਂਦਾ ਕਿ 'ਜ਼ਿਆਦਾ ਸੋਹਲ ਨਾ ਬਣੋ' ਅਤੇ 'ਜਿਹੜਾ ਠੀਕ ਨਾ ਹੋਵੇ ਰੋਗ, ਉਹਨੂੰ ਲਵੇ ਭੋਗ।'

ਮੈਂ ਆਪ ਥੋੜ੍ਹੀ-ਬਹੁਤ ਜੋਕਰ ਹਾਂ, ਮੈਨੂੰ ਮੇਰੇ ਡੈਡੀ ਬਹੁਤ ਨਿਰਾਲੇ ਬੰਦੇ ਲੱਗਦੇ ਹਨ। ਉਹ ਘਰ ਦੇ ਕੰਮਾਂ ਵਿਚ ਬਿਲਕੁਲ ਫਾਡੀ ਸਨ। ਨਾ ਤਾਂ ਉਹ ਆਂਡਾ ਉਬਾਲ ਸਕਦੇ ਸਨ, ਨਾ ਹੀ ਟੀ.ਵੀ. ਚਲਾ ਸਕਦੇ ਸਨ। ਇਹ ਵੀ ਅੱਜ ਤੱਕ ਪਤਾ ਨਹੀਂ ਲੱਗਾ ਕਿ ਉਹ ਆਪਣੀ ਤੁਰਨ ਦੀ ਰਫ਼ਤਾਰ 'ਤੇ ਨਿਯੰਤਰਣ ਕਿਉਂ ਨਹੀਂ ਸਨ ਕਰ ਸਕਦੇ। ਇਕ ਵਾਰ ਉਹ ਤੁਰ ਪੈਂਦੇ ਤਾਂ ਫਿਰ ਐਨੀ ਰਫ਼ਤਾਰ ਫੜ ਲੈਂਦੇ ਕਿ ਆਪਣੇ ਸਾਥੀਆਂ ਨੂੰ ਬਹੁਤ ਪਿੱਛੇ ਛੱਡ ਜਾਂਦੇ। ਉਹ ਕਸਰਤ ਵੀ ਬਹੁਤ ਤੇਜ਼ੀ ਨਾਲ ਕਰਦੇ, ਕਾਹਲੀ-ਕਾਹਲੀ ਲੱਤਾਂ-ਬਾਹਾਂ ਫੜਫੜਾਉਂਦੇ। ਉਨ੍ਹਾਂ ਦੀ ਸਿਹਤ ਦੇ ਮਸਲੇ ਚਿੰਤਾ ਦਾ ਕਾਰਨ ਬਣਦੇ। ਥੋੜ੍ਹਾ ਜਿਹਾ ਵੀ ਜ਼ੁਕਾਮ ਉਨ੍ਹਾਂ ਨੂੰ ਨਮੂਨੀਆ ਲਗਦਾ ਅਤੇ ਛਾਤੀ ਵਿਚ ਹਲਕੀ ਜਿਹੀ ਵੀ ਦਰਦ ਉਨ੍ਹਾਂ ਨੂੰ ਦਿਲ ਦਾ ਦੌਰਾ ਲਗਦੀ। ਅਰਥਸ਼ਾਸਤਰੀਆਂ ਤੋਂ ਇਲਾਵਾ ਆਉਣ ਵਾਲਾ ਕੋਈ ਵੀ ਮਹਿਮਾਨ ਉਨ੍ਹਾਂ ਨੂੰ ਦਹਿਸ਼ਤ ਵਿਚ ਪਾ ਦਿੰਦਾ ਅਤੇ ਉਹ ਉਸ ਤੋਂ ਬਚਣ ਦੀ ਹਰ ਸੰਭਵ ਕੋਸ਼ਿਸ਼ ਕਰਦੇ ਪਰ ਜੇ ਸਫ਼ਲ ਨਾ ਹੁੰਦੇ। ਉਹ ਥੋੜ੍ਹੀ ਜਿਹੀ ਗੱਲ ਕਰਨ ਦੀ ਵੀ ਬਹੁਤ ਘੱਟ ਕੋਸ਼ਿਸ਼ ਕਰਦੇ।

ਉਨ੍ਹਾਂ ਅੰਦਰ ਹਾਸੇ-ਠੱਠੇ ਵਾਲੀ ਵੀ ਬਿਰਤੀ ਹੈ ਪਰ ਇਹ ਉਦੋਂ ਹੀ ਨਜ਼ਰ ਆਉਂਦੀ ਜਦੋਂ ਉਹ ਆਪਣੇ ਦੋਸਤਾਂ ਨਾਲ ਹੁੰਦੇ, ਭਾਵੇਂ ਦੋਸਤ ਅਰਥ ਸ਼ਾਸਤਰੀ ਹੀ ਕਿਉਂ ਨਾ ਹੋਣ। ਇਹ ਦੇਖ ਕੇ ਬਹੁਤ ਚੈਨ ਮਿਲਦਾ ਕਿ ਉਹ ਹੱਸਦੇ ਵੀ ਹਨ ਅਤੇ ਚੁਟਕਲੇ ਵੀ ਸੁਣਾ ਸਕਦੇ ਹਨ। ਸਾਡੇ ਨਾਲ ਉਨ੍ਹਾਂ ਨੇ ਇਹ ਦੋਵੇਂ ਗੱਲਾਂ ਕਦੇ ਨਹੀਂ ਕੀਤੀਆਂ। ਉਨ੍ਹਾਂ ਦੀ ਇਕ ਹੋਰ ਮਜ਼ੇਦਾਰ ਗੱਲ ਲੋਕਾਂ ਦੇ ਨਾਂਅ ਰੱਖਣਾ ਹੈ। ਉਨ੍ਹਾਂ ਲੋਕਾਂ ਨੂੰ ਨਹੀਂ ਪਤਾ ਕਿ ਸਾਡੇ ਇਕ ਚਾਚਾ ਜੀ 'ਜੌਹਨ ਬਾਬੂ' ਇਕ ਹੋਰ ਚਾਚਾ ਜੀ 'ਜਿਊਲ ਬਾਬੂ' ਅਤੇ ਤੀਜੇ ਜਿਨ੍ਹਾਂ ਦੀ ਪੱਗ ਬਹੁਤ ਤਿੱਖੀ ਚੁੰਝ ਵਾਲੀ ਹੁੰਦੀ ਉਹ 'ਤਿੱਖੀ ਚੁੰਝ' ਵਾਲੇ ਸਨ। ਮੰਮੀ ਉਨ੍ਹਾਂ ਲਈ 'ਗੁਰੂਦੇਵ' ਅਤੇ ਅਸੀਂ ਤਿੰਨੇ 'ਕਿੱਕ, ਛੋਟੀ ਨਾਨ ਅਤੇ ਛੋਟੂ ਰਾਮ', ਹਾਂ। ਉਨ੍ਹਾਂ ਵੱਲੋਂ ਰੱਖੇ ਗਏ ਕੁਝ ਨਾਂਅ ਜ਼ਿਆਦਾ ਸਖ਼ਤ ਸਨ। ਜਿੱਥੋਂ ਤੱਕ ਮੇਰੀ ਸੋਚ ਸੀ, ਮੇਰੇ ਮੰਮੀ ਨੂੰ ਕੋਈ ਹਰਾ ਨਹੀਂ ਸਕਦਾ ਸੀ। ਉਹ ਕਿਸੇ ਵੇਲੇ ਵੀ, ਕੁਝ ਵੀ ਕਰ ਸਕਦੇ ਸਨ, ਕਿਤੇ ਵੀ ਜਾ ਸਕਦੇ ਸਨ, ਕਿਸੇ ਨਾਲ ਵੀ ਨਜਿੱਠ ਸਕਦੇ ਹਨ- ਸਿਵਾਏ ਮੇਰੇ ਡੈਡੀ ਦੇ। ਉਨ੍ਹਾਂ ਨੇ ਪੂਰਾ ਘਰ ਸਾਫ਼ ਤੌਰ 'ਤੇ ਇਕੱਲੇ ਸੰਭਾਲਿਆ।

ਪਤਨੀ ਗੁਰਸ਼ਰਨ ਕੌਰ ਨਾਲ

ਘਰ 'ਚ ਕੰਮ 'ਚ ਰੁੱਝੇ ਹੋਏ

ਸੋਨੀਆ ਗਾਂਧੀ ਨਾਲ

ਬਰਤਾਨੀਆ ਦੀ ਮਹਾਰਾਣੀ ਅਲਿਜ਼ਾਬੈਥ ਨਾਲ

ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਾਰਾਕ ਓਬਾਮਾ ਨਾਲ

ਸਾਬਕਾ ਪ੍ਰਧਾਨ ਮੰਤਰੀ ਪੀ.ਵੀ. ਨਰਸਿਮ੍ਹਾ ਰਾਓ ਨਾਲ

ਡਾ. ਮਨਮੋਹਨ ਸਿੰਘ ਦਾ ਕਰਿਆਨੇ ਦੀ ਦੁਕਾਨ ਤੋਂ ਕੈਂਬਰਿਜ ਤ